ਪਟਿਆਲਾ ਫ਼ਤਹਿਗੜ੍ਹ ਸਾਹਿਬ
ਅਜੀਤ, ਚੰਡੀਗੜ੍ਹ
ਅਜੀਤ
ਐਤਵਾਰ, 31 ਅਗਸਤ 2025


# ਰਾਜੀਵ ਗਾਂਧੀ ਲਾਅ ਯੂਨੀਵਰਸਿਟੀ 'ਚ ਭਾਰਤੀ ਸੰਵਿਧਾਨ ਦੇ 75 ਸਾਲਾਂ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਨਫ਼ਰੰਸ ਸ਼ੁਰੂ

## ਸੁਪਰੀਮ ਕੋਰਟ ਦੇ ਜੱਜਾਂ, ਨੇਪਾਲ ਅਤੇ ਸ੍ਰੀ ਲੰਕਾਂ ਦੇ ਨਿਆਧੀਸ਼ਾਂ ਵਲੋਂ ਸੰਵਿਧਾਨ ਦੇ ਮੂਲਾਂ 'ਤੇ ਵਿਸਥਾਰ ਨਾਲ ਚਰਚਾ

ਪਟਿਆਲਾ, 30 ਅਗਸਤ (ਗੁਰਵਿੰਦਰ ਸਿੰਘ ਔਲਖ)-ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪੰਜਾਬ ਵਿਖੇ ਅੱਜ ਤੋਂ ਦੋ ਦਿਨਾਂ ਲਈ 'ਭਾਰਤ ਦੇ ਸੰਵਿਧਾਨ ਦੇ ਪੰਜਤਰ ਸਾਲ : ਸੰਸਾਰ ਦੇ ਪ੍ਰਮੁੱਖ ਸੰਵਿਧਾਨਾਂ ਨਾਲ ਤੁਲਨਾ' ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ ਦੀ ਸ਼ੁਰੂਆਤ ਹੋਈ। ਇਹ ਸਮਾਗਮ ਇੰਡੀਅਨ ਲਾਅ ਇੰਸਟੀਚਿਊਟ ਅਤੇ ਆਲ ਇੰਡੀਆ ਲਾਅ ਟੀਚਰਜ਼ ਕਾਂਗਰਸ, ਨਵੀਂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਉਦਘਾਟਨੀ ਸੈਸ਼ਨ ਦੀ ਸ਼ੁਰੂਆਤ ਸਰਸਵਤੀ ਵੰਦਨਾ ਅਤੇ ਦੀਪ ਜਗਾਉਣ ਨਾਲ ਹੋਈ। ਇਸ ਮੌਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਅਤੇ ਲਾਅ ਯੂਨੀਵਰਸਿਟੀ ਦੇ ਚਾਂਸਲਰ ਜਸਟਿਸ ਸ਼ੀਲ ਨਾਗੂ ਨੇ ਸੰਵਿਧਾਨ ਦੀ ਮਹੱਤਤਾ, ਇਸ ਦੇ ਵਿਸ਼ਾਲ ਦਾਇਰੇ ਅਤੇ ਪ੍ਰਮੁੱਖ ਅਦਾਲਤੀ ਫੈਸਲਿਆਂ 'ਤੇ ਵਿਸਤਾਰ ਨਾਲ ਵਿਚਾਰ ਪ੍ਰਗਟ ਕੀਤੇ। ਸ੍ਰੀਲੰਕਾ ਦੇ ਸਾਬਕਾ ਚੀਫ਼ ਜਸਟਿਸ ਪੀਟਰ ਮੋਹਨ ਮੈਥਰੀ ਪੀਰੀਸ ਨੇ ਸ੍ਰੀਲੰਕਾ ਦੇ ਸੰਵਿਧਾਨ ਅਤੇ ਨਿਆਂਇਕ ਪ੍ਰਸੰਗਾਂ 'ਤੇ ਆਪਣੇ ਅਨੁਭਵ ਸਾਂਝੇ ਕੀਤੇ। ਨੇਪਾਲ ਸੁਪਰੀਮ ਕੋਰਟ ਦੇ ਜਸਟਿਸ ਬਾਲਕ੍ਰਿਸ਼ਣ ਢਕਾਲ ਨੇ ਭਾਰਤੀ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਦੀ ਖੁੱਲ੍ਹ ਕੇ ਸਰਾਹਨਾ ਕੀਤੀ



ਲਾਅ ਯੂਨੀਵਰਸਿਟੀ ਵਿਖੇ ਸ਼ੁਰੂ ਹੋਈ ਕਾਨਫ਼ਰੰਸ ਦੌਰਾਨ ਜਸਟਿਸ ਸ਼ੀਲ ਨਾਗੂ, ਸਾਬਕਾ ਚੀਫ਼ ਜਸਟਿਸ ਪੀਟਰ ਮੋਹਨ ਮੈਥਰੀ ਪੀਰੀਸ, ਜਸਟਿਸ ਬਾਲਕ੍ਰਿਸ਼ਣ ਢਕਾਲ, ਜਸਟਿਸ ਰਾਜੇਸ਼ ਬਿੰਦਲ, ਪੰਕਜ ਮਿਥਾਲ, ਜਸਟਿਸ ਪੰਕਜ ਮਿਥਾਲ, ਜਸਟਿਸ ਦੀਪਾਂਕਰ ਦੱਤਾ ਅਤੇ ਵਾਈਸ ਚਾਂਸਲਰ ਡਾ. ਜੇ.ਐਸ ਸਿੰਘ ਸੰਬੋਧਨ ਕਰਦੇ ਹੋਏ। ਅਜੀਤ ਤਸਵੀਰ

ਅਤੇ ਕਿਹਾ ਕਿ ਨੇਪਾਲੀ ਨਿਆਂਪ੍ਰਣਾਲੀ ਨੇ ਭਾਰਤੀ ਸੁਪਰੀਮ ਕੋਰਟ ਦੇ ਕਈ ਇਤਿਹਾਸਕ ਫੈਸਲਿਆਂ ਨੂੰ ਮਿਸਾਲ ਵਜੋਂ ਅਪਣਾਇਆ ਹੈ। ਭਾਰਤੀ ਸੁਪਰੀਮ ਕੋਰਟ ਦੇ ਜਸਟਿਸ ਰਾਜੇਸ਼ ਬਿੰਦਲ ਨੇ ਕਾਨੂੰਨੀ ਸਹਾਇਤਾ ਦੇ ਅਧਿਕਾਰ 'ਤੇ ਵਿਸਤ੍ਰਿਤ ਚਰਚਾ ਕੀਤੀ। ਜਸਟਿਸ ਭਾਰਤੀ ਸੁਪਰੀਮ ਕੋਰਟ ਪੰਕਜ ਮਿਥਾਲ ਨੇ ਸੰਵਿਧਾਨ ਦੇ ਇਤਿਹਾਸਕ ਵਿਕਾਸ ਅਤੇ ਵਿਸ਼ਵ ਦੇ ਹੋਰ ਸੰਵਿਧਾਨਾਂ ਨਾਲ ਇਸ ਦੀ ਤੁਲਨਾ 'ਤੇ ਵਿਚਾਰ ਪੇਸ਼ ਕੀਤੇ। ਜਸਟਿਸ ਸੁਪਰੀਮਕੋਰਟ ਆਫ ਇੰਡੀਆ ਦੀਪਾਂਕਰ ਦੱਤਾ ਨੇ ਕੇਸ਼ਵਾਨੰਦ ਭਾਰਤੀ ਅਤੇ ਮਨੇਕਾ ਗਾਂਧੀ ਵਰਗੇ ਮੀਲ ਪੱਥਰ ਫੈਸਲਿਆਂ ਦਾ ਜ਼ਿਕਰ ਕਰਦਿਆਂ ਸੰਵਿਧਾਨਕ ਮੁੱਲਾਂ ਅਤੇ ਕੇਂਦਰ-ਰਾਜ ਸੰਬੰਧਾਂ 'ਤੇ ਰੌਸ਼ਨੀ ਪਾਈ। ਰਜਿਸਟਰਾਰ ਡਾ. ਇਵਨੀਤ ਕੌਰ ਵਾਲੀਆ ਨੇ ਧੰਨਵਾਦੀ ਭਾਸ਼ਣ ਦਿੰਦੇ ਹੋਏ ਸਾਰੇ ਵਿਦਵਾਨਾਂ ਦਾ ਧਨਵਾਦ ਕਰਦਿਆਂ ਇਸ ਕਾਨਫਰੰਸ ਨੂੰ ਯੂਨੀਵਰਸਿਟੀ ਦਾ ਮਹੱਤਵਪੂਰਨ ਅਕਾਦਮਿਕ ਯਤਨ ਦੱਸਿਆ। ਕਾਨਫਰੰਸ ਦੌਰਾਨ ਭਾਰਤ ਸਮੇਤ ਅਮਰੀਕਾ, ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ, ਸਵਿਟਜ਼ਰਲੈਂਡ, ਫਰਾਂਸ, ਜਰਮਨੀ, ਜਪਾਨ ਸਮੇਤ ਹੋਰ ਦੇਸ਼ਾਂ ਦੇ ਸੰਵਿਧਾਨਾਂ 'ਤੇ ਗਹਿਰੀ ਚਰਚਾ ਹੋਵੇਗੀ। ਵਿਦਵਾਨਾਂ ਨੇ ਕਿਹਾ ਕਿ ਸੰਵਿਧਾਨਕ ਮੁੱਲ ਸਿਰਫ਼ ਘਰੇਲੂ ਕਾਨੂੰਨਾਂ ਲਈ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਸੰਬੰਧਾਂ ਨੂੰ ਮਜ਼ਬੂਤ ਕਰਨ ਅਤੇ ਵਿਸ਼ਵ ਕਾਨੂੰਨੀ ਸਿਧਾਂਤਾਂ ਨਾਲ ਜੋੜਨ 'ਚ ਵੀ ਅਤਿ ਮਹੱਤਵਪੂਰਨ ਹਨ। ਸਮਾਪਤੀ ਸੈਸ਼ਨ ਦੀ ਅਗਵਾਈ ਪ੍ਰੋ. (ਡਾ.) ਭੁਪਿੰਦਰ ਵਿਰਕ ਅਤੇ ਪ੍ਰੋ. (ਡਾ.) ਨਰੇਸ਼ ਕੁਮਾਰ ਵਤਸ ਵਲੋਂ ਕੀਤੀ ਗਈ। ਇਸ ਮੌਕੇ ਉਪ ਕੁਲਪਤੀ ਡਾ. ਜੇ.ਐਸ. ਸਿੰਘ, ਪ੍ਰੋ. ਕਮਲਜੀਤ ਕੌਰ, ਪ੍ਰੋ. ਡਾ. ਮਹਾਵੀਰ ਸਿੰਘ, ਡਾ. ਅਨੁਪਮਾ ਝਾਅ ਤੋਂ ਇਲਾਵਾ ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

दैनिक जागरण



# संविधान की सफलता प्रविधानों से अधिक, उसे लागू करने वालों पर निर्भर : न्यायमूर्ति पीटर

जागरण संवाददाता, पटियाला: राजीव गांधी नेशनल यूनिवर्सिटी आफ ला (आरजीएनयूएल) ने 'भारत के संविधान के 75 वर्ष : विश्व के प्रमुख संविधानों से तुलना' विषय पर दो दिवसीय अंतरराष्ट्रीय सम्मेलन का आयोजन किया। यह सम्मेलन इंडियन ला इंस्टीट्यूट, नई दिल्ली तथा आल इंडिया ला टीचर्स कांग्रेस, नई दिल्ली के सहयोग से आयोजित हुआ। सम्मेलन के उद्घाटन सत्र की शुरुआत सरस्वती वंदना और दीप प्रज्वलन से हुई। स्वागत भाषण में पंजाब एवं हरियाणा हाई कोर्ट के मुख्य न्यायाधीश और आरजीएनयूएल के कुलाधिपति न्यायमूर्ति शील नागू ने



राजीव गांधी नेशनल यूनिवर्सिटी आफ ला में आयोजित अंतरराष्ट्रीय सम्मेलन में हिस्सा लेते हुए गणमान्य • सौ. आरजीएनयूएल

संविधान को नैतिक ध्रुवतारा और आने वाली पीढ़ियों के लिए जीवंत वचन बताते हुए इसके महत्व पर प्रकाश डाला। इस अवसर पर सुप्रीम कोर्ट के न्यायमूर्ति दीपंकर दत्ता, पंकज मित्तल, राजेश बिंदल, नेपाल सुप्रीम कोर्ट के न्यायमूर्ति बालकृष्ण ढकाल, श्रीलंका सुप्रीम कोर्ट के पूर्व मुख्य न्यायाधीश पीटर मोहन मैथ्री पेरिस सहित अनेक विधि विद्वानों ने अपने विचार रखे। न्यायमूर्ति पीटर पेरिस (श्रीलंका) ने डा. भीमराव आंबेडकर के कथन को उद्धृत करते हुए कहा कि किसी संविधान की सफलता उसके प्रविधानों से अधिक, उसे लागू करने वाले नेताओं पर निर्भर करती है। न्यायमूर्ति बालकृष्ण ढकाल (नेपाल) ने भारतीय संविधान की प्रस्तावना, मौलिक अधिकारों और नीति निदेशक तत्वों की प्रशंसा करते हुए कहा कि नेपाल के सुप्रीम कोर्ट ने कई बार भारतीय सर्वोच्च न्यायालय के ऐतिहासिक फैसलों का अनुसरण किया है। न्यायमूर्ति राजेश बिंदल (भारत) ने विधिक सहायता के अधिकार और लीगल सर्विसेज अथारिटी एक्ट, 1987 पर चर्चा की। न्यायमूर्ति पंकज मित्तल (भारत) ने संविधान के ऐतिहासिक विकास और एके गोपालन केस, खड़क सिंह केस जैसे फैसलों का उल्लेख किया। न्यायमूर्ति दीपंकर दत्ता (भारत) ने केशवानंद भारती केस, मनुका गांधी केस जैसे ऐतिहासिक निर्णयों के माध्यम से संविधान की मूल संरचना और संघीय ढांचे पर विचार रखे। इस दौरान विभिन्न तकनीकी सत्रों में विद्वानों, अधिवक्ताओं, शोधकर्ताओं और छात्रों ने अमेरिका, ब्रिटेन, कनाडा, आस्ट्रेलिया, स्विट्जरलैंड, फ्रांस, जर्मनी आदि देशों के संविधानों के साथ भारतीय संविधान की तुलनात्मक चर्चा की। इस मौके पर प्रो. (डा.) सतीश चंद्रा, प्रो. (डा.) भूपिंदर सिंह विर्क (पंजाबी यूनिवर्सिटी), आरजीएनयूएल के कुलपति प्रो. डा. जय एस सिंह सहित दिल्ली विश्वविद्यालय और पंजाब के प्रमुख विधि विद्वानों ने भाग लिया।

ਲੋਕ ਆਵਾਜ਼

ਪੰਜਾਬੀ ਟ੍ਰਿਬਿਊਨ



# ਦੁਨੀਆਂ ਦੇ ਸੰਵਿਧਾਨਾਂ ਦੀ ਤੁਲਨਾ ਵਿਸ਼ੇ ਬਾਰੇ ਕੌਮਾਂਤਰੀ ਕਾਨਫਰੰਸ



ਕਾਨਫਰੰਸ ਵਿੱਚ ਸ਼ਾਮਲ ਵੱਖ-ਵੱਖ ਮੁਲਕਾਂ ਤੋਂ ਪੁੱਜੇ ਚੀਫ਼ ਜਸਟਿਸ।

- ਰਾਜੀਵ ਗਾਂਧੀ ’ਵਰਸਿਟੀ ਪੁੱਜੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ

**ਖੱਤਰ ਪ੍ਰੇਰਕ**

**ਪਟਿਆਲਾ, 30 ਅਗਸਤ**

ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਪਟਿਆਲਾ ਵਿੱਚ ਭਾਰਤ ਦੇ ਸੰਵਿਧਾਨ ਦੇ 75 ਸਾਲ ਪੂਰੇ ਹੋਣ ’ਤੇ ‘ਦੁਨੀਆਂ ਦੇ ਪ੍ਰਮੁੱਖ ਸੰਵਿਧਾਨਾਂ ਦੀ ਤੁਲਨਾ’ ਵਿਸ਼ੇ ਬਾਰੇ ਅੰਤਰਰਾਸ਼ਟਰੀ ਕਾਨਫਰੰਸ ਇੰਡੀਅਨ ਲਾਅ ਇੰਸਟੀਚਿਊਟ ਨਵੀਂ ਦਿੱਲੀ ਅਤੇ ਆਲ ਇੰਡੀਆ ਲਾਅ ਟੀਚਰਜ਼ ਕਾਂਗਰਸ ਨਵੀਂ ਦਿੱਲੀ ਦੇ ਸਹਿਯੋਗ ਨਾਲ ਕਰਵਾਈ ਗਈ। ਸਵਾਗਤੀ ਭਾਸ਼ਣ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ (ਚਾਂਸਲਰ, ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ) ਨੇ ਕਾਨਫਰੰਸ ਦੇ ਵਿਸ਼ੇ ਬਾਰੇ ਦੱਸਿਆ। ਉਨ੍ਹਾਂ ਸੰਵਿਧਾਨ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਇਸ ਨੂੰ ਇੱਕ ਨੈਤਿਕ ਕੰਪਾਸ, ਆਉਣ ਵਾਲੀਆਂ ਪੀੜ੍ਹੀਆਂ ਲਈ ਜੀਵੰਤ ਵਾਅਦਾ ’ਤੇ ਸੰਵਿਧਾਨ ਦੇ ਦਾਇਰੇ ਵਜੋਂ ਦਰਸਾਇਆ। ਉਨ੍ਹਾਂ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਪ੍ਰਮੁੱਖ ਫ਼ੈਸਲਿਆਂ ਬਾਰੇ ਵੀ ਦੱਸਿਆ। ਇਸ ਦੌਰਾਨ ਸ੍ਰੀਲੰਕਾ ਦੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਜਸਟਿਸ ਪੀਟਰ ਮੋਹਨ ਮੈਥਰੀ ਪੀਰੀਸ ਨੇ ਅੰਬੇਡਕਰ ਦੀ ਭਵਿੱਖਬਾਣੀ ਨੂੰ ਯਾਦ ਕਰਦਿਆਂ ਕਿਹਾ ਕਿ ਭਾਰਤ ਦੀ ਸੰਵਿਧਾਨਕ ਸਫ਼ਲਤਾ ਇਸ ਦੇ ਸੰਸਥਾਗਤ ਡਿਜ਼ਾਈਨ ਤੋਂ ਵੱਧ ਉਸ ਨੂੰ ਲਾਗੂ ਕਰਨ ਵਾਲੇ ਨੇਤਾਵਾਂ ’ਤੇ ਨਿਰਭਰ ਕਰਦੀ ਹੈ। ਨੇਪਾਲ ਦੀ ਸੁਪਰੀਮ ਕੋਰਟ ਦੇ ਜੱਜ ਜਸਟਿਸ ਬਾਲਕ੍ਰਿਸ਼ਨ ਢਾਕਲ ਨੇ ਕਿਹਾ ਕਿ ਨੇਪਾਲ ਦੀ ਸੁਪਰੀਮ ਕੋਰਟ ਨੇ ਭਾਰਤ ਦੀ ਸੁਪਰੀਮ ਕੋਰਟ ਦੇ ਵੱਖ-ਵੱਖ ਮਹੱਤਵਪੂਰਨ ਫ਼ੈਸਲਿਆਂ ਦੀ ਪਾਲਣਾ ਕੀਤੀ ਹੈ।

ਇਸ ਦੌਰਾਨ ਭਾਰਤ ਦੀ ਸੁਪਰੀਮ ਕੋਰਟ ਦੇ ਜੱਜ ਜਸਟਿਸ ਰਾਜੇਸ਼ ਬਿੰਦਲ ਨੇ ਕਾਨੂੰਨੀ ਸਹਾਇਤਾ ਅਤੇ ਕਾਨੂੰਨੀ ਸੇਵਾਵਾਂ ਦੇ ਅਧਿਕਾਰ ਦੇ ਦਾਇਰੇ ’ਤੇ ਚਰਚਾ ਕੇਂਦਰਿਤ ਕੀਤੀ। ਜਸਟਿਸ ਪੰਕਜ ਮਿਥਲ ਨੇ ਭਾਰਤ ਦੇ ਸੰਵਿਧਾਨ ਦੇ ਇਤਿਹਾਸਕ ਵਿਕਾਸ ਤੇ ਚਰਚਾ ਕੀਤੀ। ਜਸਟਿਸ ਦੀਪਾਂਕਰ ਦੱਤਾ ਨੇ ਸੰਵਿਧਾਨ ਦੇ ਵੱਖ-ਵੱਖ ਉਪਬੰਧਾਂ ਤੇ ਚਰਚਾ ਕੀਤੀ। ਉਨ੍ਹਾਂ ਮੌਲਿਕ ਅਧਿਕਾਰਾਂ, ਮੌਲਿਕ ਕਰਤੱਵਾਂ, ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਅਤੇ ਭਾਰਤ ਦੇ ਸੰਵਿਧਾਨ ਦੇ ਹੋਰ ਉਪਬੰਧਾਂ ਬਾਰੇ ਗੱਲ ਕੀਤੀ। ਇਸ ਸਮਾਗਮ ਦੀ ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਪ੍ਰੋ. (ਡਾ.) ਸਤੀਸ਼ ਚੰਦਰ, ਪ੍ਰੋਫੈਸਰ ਆਫ਼ ਲਾਅ, ਆਰਜੀਐੱਨਯੂਐੱਲ, ਪੰਜਾਬ ਅਤੇ ਪ੍ਰੋ. (ਡਾ.) ਭੁਪਿੰਦਰ ਸਿੰਘ ਵਿਰਕ, ਮੁਖੀ ਅਤੇ ਡੀਨ, ਫੈਕਲਟੀ ਆਫ਼ ਲਾਅ, ਪੰਜਾਬੀ ਯੂਨੀਵਰਸਿਟੀ ਪੰਜਾਬ ਨੇ ਕੀਤੀ।

39.77 ਲੱਖ ਪਾਠਕ (IRS 2019) JAGBANI LUDHIANA

ਜਗ ਬਾਣੀ

SUNDAY, 31 AUGUST 2025

## ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ 'ਚ

# 'ਭਾਰਤ ਦੇ ਸੰਵਿਧਾਨ ਦੇ 75 ਸਾਲ : ਵਿਸ਼ਵ ਦੇ ਮੁੱਖ ਸੰਵਿਧਾਨਾਂ ਨਾਲ ਤੁਲਨਾ' ਵਿਸ਼ੇ 'ਤੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਸ਼ੁਰੂ

ਪਟਿਆਲਾ, 30 ਅਗਸਤ (ਰਾਜੇਸ਼ ਪੰਜੌਲਾ)- ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿਖੇ ਭਾਰਤ ਦੇ ਸੰਵਿਧਾਨ ਦੇ 75 ਸਾਲ ਪੂਰੇ ਹੋਣ 'ਤੇ 'ਦੁਨੀਆਂ ਦੇ ਪ੍ਰਮੁੱਖ ਸੰਵਿਧਾਨਾਂ ਦੀ ਤੁਲਨਾ' ਦੀ ਥੀਮ 'ਤੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਸ਼ੁਰੂ ਹੋ ਗਈ ਹੈ। ਇਹ ਕਾਨਫਰੰਸ ਇੰਡੀਅਨ ਲਾਅ ਇੰਸਟੀਚਿਊਟ ਨਵੀਂ ਦਿੱਲੀ ਅਤੇ ਆਲ ਇੰਡੀਆ ਲਾਅ ਟੀਚਰਜ਼ ਕਾਂਗਰਸ, ਨਵੀਂ ਦਿੱਲੀ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ।

ਭਾਰਤ ਦਾ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਹੋਇਆ ਸੀ। ਇਸ 75 ਸਾਲਾਂ ਦੇ ਸਫਰ ਦੌਰਾਨ, ਇਹ ਦੁਨੀਆ ਦੇ ਮੋਹਰੀ ਸੰਵਿਧਾਨਾਂ 'ਚੋਂ ਇਕ ਵਜੋਂ ਉਭਰਿਆ ਹੈ। ਉਦਘਾਟਨੀ ਸੈਸ਼ਨ ਦੀ ਸ਼ੁਰੂਆਤ ਸਰਸਵਤੀ ਵੰਦਨਾ ਅਤੇ ਦੀਪ ਜਗਾਉਣ ਨਾਲ ਹੋਈ। ਆਪਣੇ ਸਵਾਗਤੀ ਭਾਸ਼ਣ 'ਚ ਮਾਣਯੋਗ ਜਸਟਿਸ ਸ਼ੀਲ ਨਾਗੂ ਚੀਫ ਜਸਟਿਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਚਾਂਸਲਰ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਪੰਜਾਬ ਨੇ ਕਾਨਫਰੰਸ ਦੇ ਵਿਸ਼ੇ ਨੂੰ ਪੇਸ਼ ਕੀਤਾ। ਉਨ੍ਹਾਂ ਸੰਵਿਧਾਨ ਦੀ ਮਹੱਤਤਾ ਬਾਰੇ ਗੱਲ ਕੀਤੀ, ਇਸ ਨੂੰ ਇਕ ਨੈਤਿਕ ਕੰਪਾਸ, ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਜੀਵਤ ਵਾਅਦਾ, ਸੰਵਿਧਾਨ ਦੇ ਦਾਇਰੇ ਅਤੇ ਦਾਇਰੇ ਵਜੋਂ ਦਰਸਾਇਆ। ਆਪਣੇ ਸੰਬੋਧਨ 'ਚ ਉਨ੍ਹਾਂ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਪ੍ਰਮੁੱਖ ਫੈਸਲਿਆਂ ਨੂੰ ਵੀ ਕਵਰ ਕੀਤਾ।

**ਪਾਠਕ ਤੇ ਏਜੰਟ ਨੋਟ ਕਰਨ**

ਪੰਜਾਬ ਕੇਸਰੀ, ਜਗ ਬਾਣੀ ਤੇ ਹਿੰਦ ਸਮਾਚਾਰ 'ਚ ਇਸ਼ਤਿਹਾਰ ਤੇ ਸਰਕੂਲੇਸ਼ਨ ਸਬੰਧੀ ਪੁੱਛਗਿੱਛ ਅਤੇ ਕਿਸੇ ਸਮੱਸਿਆ ਬਾਰੇ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ :

0181-2212121

ਈ-ਮੇਲ : jagbani@pkesari.in

ਸ੍ਰੀਲੰਕਾ ਦੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ, ਮਾਣਯੋਗ ਸ਼੍ਰੀ ਜਸਟਿਸ ਪੀਟਰ ਮੋਹਨ ਮੈਥਰੀ ਪੀਰੀਸ ਨੇ ਸ਼੍ਰੀਲੰਕਾ ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਆਪਣੇ ਤਜ਼ਰਬਿਆਂ ਬਾਰੇ ਗੱਲ ਕੀਤੀ। ਉਨ੍ਹਾਂ ਸੰਯੁਕਤ ਰਾਸ਼ਟਰ 'ਚ ਸ਼੍ਰੀਲੰਕਾ ਦੇ ਵਕੀਲ ਅਤੇ ਪ੍ਰਤੀਨਿਧੀ ਵਜੋਂ ਆਪਣੇ ਤਜ਼ਰਬਿਆਂ ਬਾਰੇ ਵੀ ਗੱਲ ਕੀਤੀ। ਉਨ੍ਹਾਂ ਡਾ. ਭੀਮ ਰਾਓ ਅੰਬੇਡਕਰ ਜੀ ਦੀ ਭਵਿੱਖਬਾਣੀ ਨੂੰ ਯਾਦ ਕਰਦਿਆਂ ਕਿਹਾ ਕਿ ਭਾਰਤ ਦੀ ਸੰਵਿਧਾਨਕ ਸਫਲਤਾ ਇਸ ਦੇ ਸੰਸਥਾਗਤ ਡਿਜ਼ਾਈਨ ਤੋਂ ਵੱਧ ਉਸ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਨੇਤਾਵਾਂ 'ਤੇ ਨਿਰਭਰ ਕਰਦੀ ਹੈ। ਨੇਪਾਲ ਦੀ ਸੁਪਰੀਮ ਕੋਰਟ ਦੇ ਜੱਜ ਮਾਣਯੋਗ ਜਸਟਿਸ ਬਾਲਕ੍ਰਿਸ਼ਨ ਢਾਕਲ ਨੇ ਭਾਰਤ ਦੇ ਸੰਵਿਧਾਨ ਦੇ ਵੱਖ-ਵੱਖ ਉਪਬੰਧਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪ੍ਰਸਤਾਵਨਾ, ਮੌਲਿਕ ਅਧਿਕਾਰਾਂ ਅਤੇ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਉਪਬੰਧਾਂ ਦੀ ਵੀ ਸ਼ਲਾਘਾ ਕੀਤੀ।

ਉਨ੍ਹਾਂ ਨੇਪਾਲ ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਆਪਣਾ ਤਜਰਬਾ ਸਾਂਝਾ ਕਰਦਿਆਂ ਪ੍ਰਮੁੱਖ ਉਪਬੰਧਾਂ 'ਤੇ ਚਰਚਾ ਕੀਤੀ। ਉਨ੍ਹਾਂ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਅਤੇ ਵੱਖ-ਵੱਖ ਮਹੱਤਵਪੂਰਨ ਫੈਸਲਿਆਂ ਦੀ ਸ਼ਲਾਘਾ ਕੀਤੀ। ਮਾਣਯੋਗ ਸ਼੍ਰੀ ਜਸਟਿਸ ਰਾਜੇਸ਼ ਬਿੰਦਲ, ਜੱਜ, ਸੁਪਰੀਮ ਕੋਰਟ ਆਫ਼ ਇੰਡੀਆ ਨੇ ਕਾਨੂੰਨੀ ਸਹਾਇਤਾ ਅਤੇ ਕਾਨੂੰਨੀ ਸੇਵਾਵਾਂ ਦੇ ਅਧਿਕਾਰ ਦੇ ਦਾਇਰੇ ਅਤੇ ਦਾਇਰੇ 'ਤੇ ਆਪਣੀ ਚਰਚਾ ਕੇਂਦਰਿਤ ਕੀਤੀ। ਉਨ੍ਹਾਂ ਨੇ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ, 1987 ਦੇ ਉਪਬੰਧਾਂ ਦਾ ਹਵਾਲਾ ਦਿੱਤਾ। ਉਨ੍ਹਾਂ ਨੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ , ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਭੂਮਿਕਾ ਬਾਰੇ ਵੀ ਗੱਲ ਕੀਤੀ।

ਮਾਣਯੋਗ ਜਸਟਿਸ ਪੰਕਜ ਮਿਥਲ, ਜੱਜ, ਸੁਪਰੀਮ ਕੋਰਟ ਆਫ਼ ਇੰਡੀਆ ਨੇ ਭਾਰਤ ਦੇ ਸੰਵਿਧਾਨ ਦੇ ਇਤਿਹਾਸਕ ਵਿਕਾਸ 'ਤੇ ਚਰਚਾ ਕੀਤੀ। ਉਨ੍ਹਾਂ ਪ੍ਰਾਚੀਨ ਸੱਭਿਆਚਾਰ ਅਤੇ ਸੱਭਿਅਤਾ ਤੋਂ ਭਾਰਤ ਦੇ ਸੰਵਿਧਾਨ ਦੇ ਉਪਬੰਧਾਂ ਦੀ ਤੁਲਨਾ ਕੀਤੀ। ਉਨ੍ਹਾਂ ਸੁਪਰੀਮ ਕੋਰਟ ਦੇ ਮਹੱਤਵਪੂਰਨ ਫੈਸਲਿਆਂ ਜਿਵੇਂ ਕਿ ਏ. ਕੇ. ਗੋਪਾਲਨ ਬਨਾਮ ਮਦਰਾਸ ਰਾਜ ਏ. ਆਈ. ਆਰ. 1950 ਐੱਸ. ਸੀ. 27, ਖੜਕ ਸਿੰਘ ਬਨਾਮ ਯੂਪੀ ਰਾਜ, ਏਆਈਆਰ 1963 ਐੱਸ. ਸੀ. 1295 ਅਤੇ ਸੁਪਰੀਮ ਕੋਰਟ ਦੇ ਹੋਰ ਮਹੱਤਵਪੂਰਨ ਫੈਸਲਿਆਂ 'ਤੇ ਚਰਚਾ ਕੀਤੀ। ਮਾਣਯੋਗ ਜਸਟਿਸ ਦੀਪਾਂਕਰ ਦੱਤਾ, ਜੱਜ, ਸੁਪਰੀਮ ਕੋਰਟ ਆਫ਼ ਇੰਡੀਆ ਨੇ ਸੰਵਿਧਾਨ ਦੇ ਵੱਖ-ਵੱਖ ਉਪਬੰਧਾਂ 'ਤੇ ਚਰਚਾ ਕੀਤੀ। ਜਸਟਿਸ ਦੱਤਾ ਨੇ ਦੇਸ਼ ਨੂੰ ਮਾਰਗਦਰਸ਼ਨ ਕਰਦੇ ਰਹਿਣ ਲਈ ਸੰਵਿਧਾਨ ਦੀ ਸ਼ਲਾਘਾ ਕੀਤੀ ਅਤੇ ਬੀ. ਆਰ. ਅੰਬੇਡਕਰ ਜੀ ਦਾ ਹਵਾਲਾ ਦਿੱਤਾ, ਸੰਵਿਧਾਨ ਕਿੰਨਾ ਵੀ ਚੰਗਾ ਹੋਵੇ, ਅਤੇ ਇਹ ਯਕੀਨੀ ਤੌਰ 'ਤੇ ਚੰਗਾ ਨਿਕਲਦਾ ਹੈ ਕਿਉਂਕਿ ਜਿਨ੍ਹਾਂ ਨੂੰ ਇਸ 'ਤੇ ਕੰਮ ਕਰਨ ਲਈ ਬੁਲਾਇਆ ਜਾਂਦਾ ਹੈ, ਉਹ ਚੰਗੇ ਲੋਕ ਹੁੰਦੇ ਹਨ।

ਉਦਘਾਟਨੀ ਸੈਸ਼ਨ ਡਾ. ਇਵਨੀਤ ਕੌਰ ਵਾਲੀਆ, ਰਜਿਸਟਰਾਰ, ਆਰ. ਜੀ. ਐੱਨ. ਯੂ. ਐੱਲ., ਪੰਜਾਬ ਦੇ ਭਾਸ਼ਣ ਅਤੇ ਧੰਨਵਾਦ ਦੇ ਨਾਲ ਸਮਾਪਤ ਹੋਇਆ, ਜਿਨ੍ਹਾਂ ਦੇ ਸ਼ਬਦਾਂ ਨੇ ਪਤਵੰਤਿਆਂ, ਸਹਿਯੋਗੀਆਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਜਸਟਿਸ ਸ਼ੀਲ ਨਾਗੂ, ਚੀਫ਼ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਚਾਂਸਲਰ, ਆਰ. ਜੀ. ਐੱਨ. ਯੂ. ਐੱਲ., ਪੰਜਾਬ ਦਾ ਇਸ ਨਿਰੰਤਰ ਕਾਰਪੋਰੇਸ਼ਨ ਅਤੇ ਆਰ. ਜੀ. ਐੱਨ. ਯੂ. ਐੱਲ. ਨੂੰ ਸਮਰਥਨ ਦੇਣ ਲਈ ਧੰਨਵਾਦ ਕੀਤਾ।

ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰੋ. (ਡਾ.) ਸਤੀਸ਼ ਚੰਦਰ, ਪ੍ਰੋਫੈਸਰ ਆਫ ਲਾਅ, ਆਰ. ਜੀ. ਐੱਨ. ਯੂ. ਐੱਲ., ਪੰਜਾਬ, ਅਤੇ ਪ੍ਰੋ. (ਡਾ.) ਭੁਪਿੰਦਰ ਸਿੰਘ ਵਿਰਕ, ਮੁਖੀ ਅਤੇ ਡੀਨ, ਫੈਕਲਟੀ ਆਫ ਲਾਅ, ਪੰਜਾਬੀ ਯੂਨੀਵਰਸਿਟੀ, ਪੰਜਾਬ ਨੇ ਕੀਤੀ। ਇਸ ਵਿਚ ਪ੍ਰੋ. (ਡਾ.) ਜੇ. ਐੱਸ. ਸਿੰਘ, ਵਾਈਸ ਚਾਂਸਲਰ, ਆਰ. ਜੀ. ਐੱਨ. ਯੂ. ਐੱਲ., ਪੰਜਾਬ, ਪ੍ਰੋ. (ਡਾ.) ਮਹਾਵੀਰ ਸਿੰਘ, ਪ੍ਰੋਫੈਸਰ ਆਫ ਲਾਅ, ਲਾਅ ਸੈਂਟਰ, ਦਿੱਲੀ ਯੂਨੀਵਰਸਿਟੀ, ਪ੍ਰੋ. (ਡਾ.) ਅਨੁਪਮ ਝਾਅ, ਪ੍ਰੋਫੈਸਰ ਇਨਚਾਰਜ, ਲਾਅ ਸੈਂਟਰ ਦਿੱਲੀ ਯੂਨੀਵਰਸਿਟੀ, ਡਾ. ਇਵਨੀਤ ਕੌਰ ਵਾਲੀਆ, ਰਜਿਸਟਰਾਰ, ਆਰ. ਜੀ. ਐੱਨ. ਯੂ. ਐੱਲ., ਪੰਜਾਬ, ਪ੍ਰੋ. (ਡਾ.) ਕਮਲਜੀਤ ਕੌਰ ਸ਼ਾਮਲ ਹੋਏ।





*ਕਾਨਫਰੰਸ 'ਚ ਸ਼ਾਮਲ ਹੋਣ ਪਹੁੰਚੇ ਭਾਰਤ ਅਤੇ ਵੱਖ-ਵੱਖ ਦੇਸ਼ਾਂ ਦੀ ਸੁਪਰੀਮ ਕੋਰਟ ਤੇ ਹਾਈਕੋਰਟ ਦੇ ਜੱਜ ਸਲਾਮੀ ਮੌਕੇ ਅਤੇ ਸੈਮੀਨਾਰ 'ਚ ਮੰਚ 'ਤੇ ਹਾਜ਼ਰ ਸਮੂਹ ਜੱਜ ਸਾਹਿਬਾਨ।* (ਜੰਵਾ)

दैनिक भास्कर
देश का नंबर 1 अखबार
रविवार, 31 अगस्त, 2025 | 04

# राजीव गांधी नेशनल यूनिवर्सिटी ऑफ लॉ में इंटरनेशनल सेमिनार करवाया

भास्कर न्यूज़|पटियाला

राजीव गांधी नेशनल यूनिवर्सिटी ऑफ लॉ में शनिवार को देश के संविधान के 75 साल पूरे होने पर 2 दिवसीय इंटरनेशनल सेमिनार का आगाज हुआ। यह सम्मेलन भारतीय विधि संस्थान, नई दिल्ली और अखिल भारतीय विधि शिक्षक कांग्रेस नई दिल्ली के सहयोग से आयोजित किया जा रहा है। भारत का संविधान 26 जनवरी, 1950 को लागू हुआ था। अपने 75 वर्षों के सफ़र में, यह दुनिया के अग्रणी संविधानों में से एक बनकर उभरा है। उद्घाटन सत्र की शुरुआत सरस्वती वंदना और दीप प्रज्वलन के साथ एक औपचारिक शुरुआत के साथ हुई। अपने स्वागत भाषण में यूनिवर्सिटी के चांसलर और पंजाब व हरियाणा हाईकोर्ट के चीफ जस्टिस शील नागू ने सम्मेलन का परिचय दिया। उन्होंने संविधान के महत्व पर बात की और इसे एक नैतिक दिशानिर्देश, भावी पीढ़ियों के लिए एक जीवंत प्रतिज्ञा और संविधान के दायरे और दायरे के रूप में वर्णित किया। अपने संबोधन में उन्होंने सर्वोच्च न्यायालय और उच्च न्यायालय के प्रमुख निर्णयों पर भी प्रकाश डाला। श्रीलंका के सर्वोच्च न्यायालय के पूर्व मुख्य न्यायाधीश न्यायमूर्ति पीटर मोहन मैत्री पेइरिस ने श्रीलंका के सर्वोच्च न्यायालय के न्यायाधीश के रूप में अपने अनुभवों पर चर्चा की। उन्होंने एक अधिवक्ता और संयुक्त राष्ट्र में श्रीलंका के प्रतिनिधि के रूप में अपने अनुभवों पर भी चर्चा की। उन्होंने अंबेडकर की भविष्यवाणी को याद करते हुए कहा कि भारत की संवैधानिक सफलता, उसके संस्थागत स्वरूप से ज्यादा, संविधान को लागू करने वाले नेताओं पर निर्भर करती है। नेपाल के सर्वोच्च न्यायालय के न्यायाधीश न्यायमूर्ति बालकृष्ण ढकाल ने भारतीय संविधान के विभिन्न प्रावधानों की सराहना की। उन्होंने प्रस्तावना, मौलिक अधिकारों और राज्य के नीति निर्देशक सिद्धांतों के प्रावधानों की भी सराहना की। उन्होंने नेपाल के सर्वोच्च न्यायालय के न्यायाधीश के रूप में अपने अनुभव साझा किए। उन्होंने नेपाल के संविधान के प्रमुख प्रावधानों पर चर्चा की। सुप्रीम कोर्ट के न्यायधीश न्यायमूर्ति राजेश बिंदल ने अपनी चर्चा कानूनी सहायता और कानूनी सेवाओं के अधिकार के दायरे और दायरे पर केंद्रित की। उन्होंने विधिक सेवा प्राधिकरण अधिनियम, 1987 के प्रावधानों का उल्लेख किया। सर्वोच्च न्यायालय के न्यायाधीश, माननीय न्यायमूर्ति पंकज मिथल ने भारतीय संविधान के ऐतिहासिक विकास पर चर्चा की। यूनिवर्सिटी के वीसी डॉ. जय एस सिंह ने आए हुए सभी मेहमानों का स्वागत किया।



लॉ यूनिवर्सिटी में सेमिनार को संबोधित करते वीसी डॉ. जय एस सिंह।

भारत में 1.17 करोड़ से अधिक पाठक (IRS 2019)

PUNJAB KESARI LUDHIANA

# पंजाब केसरी

रविवार SUNDAY 31 अगस्त 2025

**राजीव गांधी नैशनल लॉ यूनिवर्सिटी में**

## भारत के संविधान के 75 साल : विश्व के प्रमुख संविधानों से तुलना' विषय पर 2 दिवसीय अंतर्राष्ट्रीय कॉन्फ्रैंस शुरू

पटियाला, 30 अगस्त (राजेश पंजौला): राजीव गांधी नैशनल यूनिवर्सिटी ऑफ लॉ, पटियाला में भारत के संविधान के 75 वर्ष पूरे होने के उपलक्ष्य में 'विश्व के प्रमुख संविधानों से तुलना' विषय पर दो दिवसीय अंतर्राष्ट्रीय कॉन्फ्रेंस की शुरुआत हुई। यह कॉन्फ्रैंस इंडियन लॉ इंस्टिच्यूट, नई दिल्ली और ऑल इंडिया लॉ टीचर्स कांग्रेस, नई दिल्ली के सहयोग से आयोजित की गई।

भारत का संविधान 26 जनवरी 1950 को लागू हुआ था और पिछले 75 वर्षों में यह विश्व के सबसे प्रमुख संविधानों में से एक के रूप में स्थापित हुआ है।

उद्घाटन सत्र की शुरूआत सरस्वती वंदना और दीप प्रज्वलन से हुई। स्वागत भाषण में माननीय जस्टिस शील नागू, मुख्य न्यायाधीश, पंजाब एवं हरियाणा हाईकोर्ट तथा चांसलर, आर.जी.एन.यू.एल., पंजाब ने संविधान की महत्ता को रेखांकित किया।

उन्होंने इसे नैतिक कम्पास, आने वाली पीढ़ियों के लिए जीवंत वादा और सर्वोच्च मार्गदर्शक बताया। अपने संबोधन में उन्होंने सुप्रीम कोर्ट और हाईकोर्ट के प्रमुख निर्णयों का उल्लेख भी किया।





*राजीव गांधी नैशनल लॉ यूनिवर्सिटी में आयोजित कॉन्फ्रैंस में शामिल हुए भारत व अन्य देशों के सुप्रीम कोर्ट और हाईकोर्ट के जज सलामी समारोह और सैमीनार मंच पर उपस्थित। (सुंदर)*

श्रीलंका की सुप्रीम कोर्ट के पूर्व मुख्य न्यायाधीश माननीय जस्टिस पीटर मोहन मैथरी पेरिस ने अपने अनुभव साझा किए और डॉ. भीमराव आंबेडकर की उस भविष्यवाणी को याद किया कि भारत की संवैधानिक सफलता संस्थागत ढांचे से अधिक उन नेताओं पर निर्भर करेगी जो इसे लागू करेंगे।

नेपाल की सुप्रीम कोर्ट के माननीय जस्टिस बालकृष्ण ढाकल ने भारतीय संविधान की प्रस्तावना, मौलिक अधिकारों और राज्य नीति निदेशक सिद्धांतों की प्रशंसा की और नेपाल के संविधान व वहां के महत्वपूर्ण न्यायिक फैसलों का उल्लेख किया। उन्होंने कहा कि नेपाल की सुप्रीम कोर्ट ने भारतीय सुप्रीम कोर्ट के अनेक निर्णयों से मार्गदर्शन लिया है।

माननीय जस्टिस राजेश बिंदल, न्यायाधीश, सुप्रीम कोर्ट ऑफ इंडिया ने कानूनी सहायता और सेवाओं के अधिकार पर चर्चा की। उन्होंने कानूनी सेवाएं प्राधिकरण अधिनियम 1987 और राष्ट्रीय, राज्य तथा जिला स्तर पर कानूनी सेवाओं की भूमिका को स्पष्ट किया।

माननीय जस्टिस पंकज मित्तल, न्यायाधीश, सुप्रीम कोर्ट ऑफ इंडिया ने संविधान के ऐतिहासिक विकास पर चर्चा करते हुए प्राचीन सभ्यताओं से तुलना की और सुप्रीम कोर्ट के महत्वपूर्ण निर्णयों – ए.के. गोपालन बनाम मद्रास राज्य (1950), खड़क सिंह बनाम उत्तर प्रदेश राज्य (1963) आदि का उल्लेख किया।

माननीय जस्टिस दीपांकर दत्ता, न्यायाधीश, सुप्रीम कोर्ट ऑफ इंडिया ने केशवानंद भारती (1973) और मेन्का गांधी बनाम भारत संघ (1978) जैसे ऐतिहासिक निर्णयों का हवाला दिया और मौलिक अधिकार, मौलिक कर्तव्य, राज्य नीति निदेशक सिद्धांत, केंद्र-राज्य संबंध और चुनाव आयोग सहित संवैधानिक प्रावधानों पर विस्तार से चर्चा की।

यह कॉन्फ्रैंस हाइब्रिड मोड में आयोजित हो रही है, जिसमें विभिन्न तकनीकी सत्रों में वकील, शिक्षाविद, शोधकर्ता, नीति-निर्माता और विद्यार्थी भारत एवं अन्य देशों के संविधानों पर विचार-विमर्श करेंगे। इसमें अमरीका, ब्रिटेन, कनाडा, ऑस्ट्रेलिया, स्विट्जरलैंड, फ्रांस, जर्मनी, जापान आदि के अनुभवों को भी शामिल किया गया है।

समापन सत्र की अध्यक्षता प्रो. (डॉ.) सतीश चंद्र (आर.जी.एन.यू.एल., पंजाब) और प्रो. (डॉ.) भूपिंदर सिंह विरक (डीन, फैकल्टी ऑफ लॉ, पंजाबी यूनिवर्सिटी) ने की। इसमें प्रो. (डॉ.) जे.एस. सिंह, वाइस चांसलर, आर.जी.एन.यू.एल. प्रो. (डॉ.) महावीर सिंह कलों (दिल्ली विश्वविद्यालय), प्रो. (डॉ.) अनुपम झा (दिल्ली विश्वविद्यालय), प्रो. (डॉ.) कमलजीत कौर (डीन रिसर्च व छात्र कल्याण), डॉ. मनप्रीत कौर और सिद्धार्थ फुल्लर सहित कई विद्वान शामिल हुए।

The Tribune
MONDAY | 1 SEPTEMBER 2025


# Event held to mark 75 yrs of Constitution

TRIBUNE NEWS SERVICE

PATIALA, AUGUST 31

"India's constitutional success depends on the leaders implementing that Constitution, more than its institutional design," said Justice Peter Mohan Maithree Peiris, former Chief Justice of the Supreme Court of Sri Lanka, while quoting Dr BR Ambedkar, also known as the architect of Constitution of India.

He was addressing students at Rajiv Gandhi National University of Law. The varsity is holding two-day long international conference on "Seventy-Five Years of the Constitution of India: A Comparison with Major Constitutions of the World".

The conference was organised in collaboration with the Indian Law Institute, New Delhi, and the All-India Law Teachers Congress, New Delhi.

Justice Sheel Nagu, Chief Justice, Punjab and Haryana High Court and Chancellor, Rajiv Gandhi National University of Law, introduced the subject of the conference. He talked about the importance of the Constitution, describing it as a moral compass, a living promise to future generations.

Justice Balakrishna Dhakal, Judge, Supreme Court of Nepal, appreciated various provisions of the Constitution of India. He also appreciated the provisions of the Preamble, Fundamental Rights, and Directive Principles of State Policy.

Justice Dipankar Datta, Justice Pankaj Mithal and Justice Rajesh Bindal, also spoke at the event.

The valedictory session brought the conference to close, synthesising the deliberations and acknowledging the contributions of all participants.